# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 02-01-2025**

ਕੇਂਦਰੀ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹੈ ਕਿ ਕੇਂਦਰ ਦੀ ਨਰੇਂਦਰ ਮੋਦੀ ਸਰਕਾਰ ਨੇ ਨਵਾਂ ਸਾਲ, ਕਿਸਾਨਾਂ ਨੂੰ ਸਮਰਪਿਤ ਕੀਤਾ ਏ। ਨਵੀਂ ਦਿੱਲੀ ਵਿਚ ਸ਼੍ਰੀ ਚੌਹਾਨ ਨੇ ਕਿਹਾ ਕਿ ਸਰਕਾਰ ਨੇ ਕਿਸਾਨਾਂ ਦੀ ਭਲਾਈ ਲਈ 3 ਵੱਡੇ ਫੈਸਲੇ ਲਏ ਨੇ ਤੇ ਸਬੰਧਤ ਖੇਤਰ ਵਿਚ ਸਾਢੇ ਤਿੰਨ ਤੋਂ 4 ਫੀਸਦ ਵਾਧਾ ਹੋਣ ਦੀ ਉਮੀਦ ਏ।

---

ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ ਨੇ ਕੱਲ੍ਹ ਨਵੀਂ ਦਿੱਲੀ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਮੁਲਾਕਾਤ ਕੀਤੀ। ਇਕ ਸੋਸ਼ਲ ਮੀਡੀਆ ਪੋਸਟ ਵਿਚ, ਸ਼੍ਰੀ ਮੋਦੀ ਨੇ ਕਿਹੈ ਕਿ ਦਿਲਜੀਤ ਦੋਸਾਂਝ ਸੱਚਮੁੱਚ ਬਹੁਪੱਖੀ ਨੇ ਅਤੇ ਹੁਨਰ ਤੇ ਰਵਾਇਤ ਦਾ ਸੁਮੇਲ ਨੇ । ਸ਼੍ਰੀ ਮੋਦੀ

ਨੇ ਕਿਹਾ ਕਿ ਉਹ ਸੰਗੀਤ, ਸੱਭਿਆਚਾਰ ਤੇ ਹੋਰ ਬਹੁਤ ਕੁਝ ਨਾਲ ਜੁੜੇ ਹੋਏ ਨੇ. ਇਸ ਮੁਲਾਕਾਤ ਬਾਰੇ ਗਾਇਕ ਨੇ ਕਿਹਾ ਕਿ, ਇਹ 2025 ਦੀ ਸ਼ਾਨਦਾਰ ਸ਼ੁਰੂਆਤ ਸੀ ਤੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਯਾਦਗਾਰੀ ਰਹੀ ਏ। ਓਹਨਾਂ ਅੱਗੇ ਕਿਹਾ ਕਿ ਇਸ ਦੌਰਾਨ ਸੰਗੀਤ ਸਮੇਤ ਬਹੁਤ ਸਾਰੀਆਂ ਚੀਜ਼ਾਂ ਬਾਰੇ ਗੱਲਬਾਤ ਹੋਈ। ਗਾਇਕ ਨੇ ਕਿਹਾ ਕਿ, ਓਹਨਾਂ ਨੂੰ ਦੇਸ਼ ਘੁੰਮਦਿਆਂ ਅਹਿਸਾਸ ਹੋਇਆ ਏ ਕਿ ਭਾਰਤ ਨੂੰ ਮਹਾਨ ਕਿਉਂ ਕਿਹਾ ਜਾਂਦਾ ਏ । ਸ੍ਰੀ ਮੋਦੀ ਨੇ ਕਿਹੈ ਕਿ ਭਾਰਤ ਦੀ ਸਭ ਤੋਂ ਵੱਡੀ ਤਾਕਤ ਉਸਦਾ ਜੀਵੰਤ ਸਮਾਜ ਏ । ਉਨ੍ਹਾਂ ਨੇ ਯੋਗ ਬਾਰੇ ਵੀ ਗੱਲ ਕੀਤੀ ਤੇ ਇਸ ਨੂੰ ਲਾਭਦਾਇਕ ਦੱਸਿਆ ।

--------------------------------------------------------

ਪੰਜਾਬ ਪੁਲਿਸ ਦੇ ਸਾਈਬਰ ਕ੍ਰਾਈਮ ਡਵੀਜ਼ਨ ਦੀ ਵਿੱਤੀ ਧੋਖਾਦੇਹੀ ਰਿਪੋਰਟਿੰਗ ਹੈਲਪਲਾਈਨ ਨੂੰ ਬੀਤੇ ਸਾਲ 2024 ਦੌਰਾਨ 35,,000 ਤੋਂ ਵੱਧ ਸ਼ਿਕਾਇਤਾਂ ਮਿਲੀਆਂ ਸਨ ਤੇ ਲੋਕਾਂ ਨੇ 476 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਣ ਬਾਰੇ ਦਸਿਆ ਸੀ। ਇਸ ਬਾਰੇ ਇੰਸਪੈਕਟਰ ਜਨਰਲ ਸੁਖਚੈਨ ਸਿੰਘ ਨੇ ਦੱਸਿਆ ਕਿ ਸਾਲ 2023 ਦੇ ਮੁਕਾਬਲੇ

2024 ਵਿਚ ਲੋਕਾਂ ਵੱਲੋਂ ਆਨਲਾਈਨ ਧੋਖਾਦੇਹੀ ਦੀ ਰਿਪੋਰਟਿੰਗ 82 ਫੀਸਦੀ ਹੋ ਗਈ ਹੈ।

-------------------------------------------------------

ਉਨ੍ਹਾਂ ਕਿਹਾ ਕਿ ਪਿਛਲੇ ਸਾਲ ਸਾਈਬਰ ਫਰਾਡ ਕਰਨ ਸਬੰਧੀ 64 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਏ। ਡਵੀਜ਼ਨ ਨੇ ਨੁਕਸਾਨਦੇਹ ਸਮੱਗਰੀ ਵਾਲੇ 7 ਹਜਾਰ 500 ਤੋਂ ਵੱਧ URL ਨੂੰ ਵੀ ਬਲੌਕ ਕੀਤਾ ਗਿਆ ਏ। ਲੋਕ ਆਨਲਾਈਨ ਵਿੱਤੀ ਧੋਖਾਦੇਹੀ ਦੀ ਰਿਪੋਰਟ ਕਰਨ ਲਈ ਹੈਲਪਲਾਈਨ-1930 ਤੇ ਡਾਇਲ ਕਰ ਸਕਦੇ ਨੇ।

-------------------------------------------------------

ਪੰਜਾਬ ਮਿਲਕਫੈਡ ਦੇ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿਲ ਨੇ ਦੱਸਿਆ ਏ ਕਿ ਪੰਜਾਬ ਸਰਕਾਰ, ਸੂਬੇ ਦੇ 10 ਵੱਡੇ ਵੇਰਕਾ ਮਿਲਕ ਪਲਾਂਟਾਂ ਦੇ ਬਾਹਰ, ਮੌਜੂਦਾ ਵੇਰਕਾ ਆਊਟਲੈਟਾਂ ਦੇ ਬੁਨਿਆਦੀ ਢਾਂਚੇ ਨੂੰ ਅਪਡੇਟ ਕਰਨ 'ਤੇ ਕੰਮ ਕਰ ਰਹੀ ਏ। ਉਨਾਂ ਦੱਸਿਆ ਕਿ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ 10 ਮੁੱਖ ਪਲਾਂਟਾਂ ਦੇ ਬਾਹਰ, ਵੇਰਕਾ ਉਤਪਾਦਾਂ ਦੀ ਵਿਕਰੀ ਕਰਨ ਵਾਲੇ ਮੌਜੂਦਾ ਆਉਟਲੈਟਾਂ ਨੂੰ ਆਧੁਨਿਕ

ਬਣਾਉਣ ਲਈ ਤਜਵੀਜ਼ਾਂ ਮੰਗੀਆਂ ਨੇ। ਉਨ੍ਹਾਂ ਕਿਹਾ ਕਿ 325 ਕਰੋੜ ਰੁਪਏ ਦੀ ਲਾਗਤ ਨਾਲ ਮੋਹਾਲੀ ਵੇਰਕਾ ਪਲਾਂਟ ਦੀ ਸਮਰੱਥਾ ਵਧਾਉਣ ਲਈ ਕੰਮ ਕੀਤਾ ਜਾ ਰਿਹਾ ਏ। ਇਸ ਤੋਂ ਪਹਿਲਾਂ, ਅੰਮ੍ਰਿਤਸਰ ਅਤੇ ਜਲੰਧਰ ਪਲਾਂਟਾਂ ਦਾ ਵੀ ਆਧੁਨਿਕੀਕਰਨ ਕੀਤਾ ਗਿਆ ਸੀ।

--------------------------------------------------------

ਮੋਹਾਲੀ ਵਿਚ ਟ੍ਰੈਫਿਕ ਪੁਲਿਸ ਦੇ ਜਿਲ੍ਹਾ ਉਪ ਕਪਤਾਨ ਕਰਨੈਲ ਸਿੰਘ ਨੇ ਸਰਬਤ ਦਾ ਭਲਾ ਟਰੱਸਟ ਨਾਲ ਮਿਲ ਕੇ ਕਲ ਕਮਰਸ਼ੀਅਲ ਵਹੀਕਲਾਂ ਤੇ ਰਿਫਲੈਕਟਰ ਲਾਏ ਤਾਂ ਜੋ ਧੁੰਦ ਕਾਰਨ ਕੋਈ ਵੀ ਅਣਸੁਖਾਵੀ ਘਟਨਾ ਨਾ ਵਾਪਰ ਸਕੇ। ਉਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਧੁੰਦ ਪੈਣ ਦੌਰਾਨ ਹਾਦਸਿਆਂ ਤੋਂ ਬਚਣ ਲਈ ਆਪਣੇ ਵਾਹਨਾਂ ਦੀਆਂ ਪਾਰਕਿੰਗ ਲਾਈਟਾਂ ਨੂੰ ਠੀਕ ਰੱਖੋ ਤੇ ਕੋਈ ਖਰਾਬੀ ਹੋਣ ਦੀ ਸੂਰਤ ਵਿਚ ਆਪਣੇ ਵਾਹਨ ਨੂੰ ਸੜਕ ਤੋਂ ਸਾਈਡ ਤੇ ਖੜੀ ਕਰ ਕੇ ਪਾਰਕਿੰਗ ਲਾਈਟਾਂ ਨੂੰ ਚਾਲੂ ਰੱਖੋ। ਇਸ ਦੇ ਨਾਲ ਹੀ ਖੱਬੇ ਜਾਂ ਸੱਜੇ ਮੁੜਨ ਸਮੇਂ ਹਮੇਸ਼ਾ ਇੰਡੀਕੇਟਰ ਦੀ ਵਰਤੋਂ ਕੀਤੀ ਜਾਵੇ।

---

ਪੰਜਾਬ ਵਿਚ ਕੁਝ ਦਿਨਾਂ ਤੋਂ ਧੁੱਪ ਨਾ ਨਿਕਲਣ ਕਾਰਨ ਦਿਨ ਦਾ ਤਾਪਮਾਨ ਹਾਲੇ ਵੀ ਆਮ ਨਾਲੋਂ 1.8 ਡਿਗਰੀ ਘੱਟ ਚਲ ਰਿਹਾ ਏ। ਮੌਸਮ ਵਿਭਾਗ ਨੇ ਫ਼ਿਰੋਜ਼ਪੁਰ, ਫ਼ਾਜ਼ਿਲਕਾ, ਫ਼ਰੀਦਕੋਟ, ਮੁਕਤਸਰ, ਮੋਗਾ, ਬਠਿੰਡਾ, ਬਰਨਾਲਾ ਤੇ ਮਾਨਸਾ ਵਿਚ ਸੀਤ ਲਹਿਰ ਸਬੰਧੀ ਅਲਰਟ ਜਾਰੀ ਕੀਤਾ ਏ। ਦਸਿਆ ਗਿਆ ਏ ਕਿ ਇਕ ਹੋਰ ਪੱਛਮੀ ਗੜਬੜੀ 4 ਜਨਵਰੀ ਨੂੰ ਸਰਗਰਮ ਹੋ ਰਹੀ ਏ। ਇਸ ਤੋਂ ਬਾਅਦ ਸੂਬੇ ਵਿਚ ਮੁੜ ਮੀਂਹ ਪੈ ਸਕਦਾ ਏ। 5 ਤੇ 6 ਜਨਵਰੀ ਨੂੰ ਪੰਜਾਬ ਦੇ ਜ਼ਿਆਦਾਤਰ ਇਲਾਕਿਆਂ ਵਿਚ ਮੀਂਹ ਪੈਣ ਦੀ ਸੰਭਾਵਨਾ ਏ।